State Council of Educational Research & Training, Punjab
6th Floor, Block-E, Punjab School Education Board Complex
Phase 8, Sector 62, Mohali, 160062 Punjab
Phone: 0172-2212221, E-Mail: directorscert@yahoo.com

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਪੰਜਾਬ।

ਮੀਮੋ. ਨੰ. 367013- 1632
ਮਿਤੀ- 23/08/2022

ਵਿਸ਼ਾ :- ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (PSTSE)(ਜਮਾਤ ਅੱਠਵੀਂ ਅਤੇ ਦਸਵੀਂ) ਦੇ ਵਜੀਫਾ ਸਾਲ 2021-22 ਦੇ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਅਧੀਨ ਵਜੀਫਾ ਸਾਲ 2021-22 ਦੀ ਬੱਜਟ ਰਾਸ਼ੀ ਦੇਣ ਸਬੰਧੀ ਵਿਦਿਆਰਥੀਆਂ ਦੀਆਂ ਸੂਚੀਆਂ (ਸਮੇਤ ਸਕੀਮ ਦਾ ਵੇਰਵਾ) ਹੇਠ ਦਿੱਤੀ ਸਾਰਨੀ ਦੇ ਸਾਲਾਂ ਅਨੁਸਾਰ ਆਪ ਜੀ ਨੂੰ ਈ-ਮੇਲ ਰਾਹੀਂ ਭੇਜੀਆਂ ਜਾ ਰਹੀਆਂ ਹਨ।

ਲੜੀ ਨੰ	PSTSE (8 ਵੀਂ) ਪਾਸ ਕਰਨ ਦਾ ਸਾਲ	ਮਾਰਚ 2022 ਵਿੱਚ ਪਾਸ ਕੀਤੀ ਜਮਾਤ
1	2017-18	12 ਵੀਂ
2	2018-19	11 ਵੀਂ
3	2019-20	10 ਵੀਂ
4	2020-21	9 ਵੀਂ

ਲੜੀ ਨੰ	PSTSE (10 ਵੀਂ) ਪਾਸ ਕਰਨ ਦਾ ਸਾਲ	ਮਾਰਚ 2022 ਵਿੱਚ ਪਾਸ ਕੀਤੀ ਜਮਾਤ
1	2019-20	12 ਵੀਂ
2	2020-21	11 ਵੀਂ

ਨੱਥੀ ਲਿਸਟਾਂ ਵਿੱਚ ਵਿਦਿਆਰਥੀਆਂ ਦੀ ਯੋਗਤਾ ਬਾਰੇ ਦੱਸਣ ਸਮੇਂ ਹੇਠ ਲਿਖੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ :

- ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਵਿੱਚ ਵਜੀਫਾ ਪ੍ਰਾਪਤ ਕਰਨ ਵਾਲੇ ਜਨਰਲ ਕੈਟਾਗਿਰੀ ਦੇ ਵਿਦਿਆਰਥੀਆਂ ਵੱਲੋਂ ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਵਿੱਚ ਘੱਟੋ-ਘੱਟ 55 ਪ੍ਰਤੀਸ਼ਤ ਅੰਕ ਅਤੇ ਦੱਸਵੀਂ ਸ਼੍ਰੇਣੀ ਵਿੱਚ 60 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ ਅਤੇ ਰਾਖਵੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ 5 ਪ੍ਰਤੀਸ਼ਤ ਅੰਕਾਂ ਦੀ ਛੋਟ ਹੋਵੇਗੀ। ਇਹ ਯੋਗਤਾ ਪੂਰੀ ਨਾ ਹੋਣ ਤੇ ਵਜੀਫਾ ਬੰਦ ਹੋ ਜਾਵੇਗਾ। ਇਸ ਤੋਂ ਇਲਾਵਾ ਵਜੀਫੇ ਸਬੰਧੀ ਹਦਾਇਤਾਂ ਸਕੀਮ ਦੇ ਵੇਰਵੇ ਵਿੱਚ ਦਰਜ ਹਨ।
- ਸੂਚੀਆਂ ਵਿੱਚ ਆਖਰੀ ਕਾਲਮ ਵਿੱਚ ਸਿਰਫ ਯੋਗ (Eligible) ਵਿਦਿਆਰਥੀਆਂ ਲਈ Yes ਅਤੇ ਅਯੋਗ (Not Eligible) ਵਿਦਿਆਰਥੀਆਂ ਲਈ No ਲਿਖਿਆ ਜਾਵੇ।
- ਇਸ ਤੋਂ ਇਲਾਵਾ ਡਾਟੇ ਵਿੱਚ ਕਿਸੇ ਪ੍ਰਕਾਰ ਦਾ ਕੋਈ ਬਦਲਾਅ ਨਾ ਕੀਤਾ ਜਾਵੇ।
- ਲੜੀ ਨੰਬਰ ਵੀ ਨਾ ਬਦਲੇ ਜਾਣ।

ਉਕਤ ਯੋਗਤਾ ਸੂਚੀਆਂ ਵਜੀਫਾ ਸਾਲ 2021-22 ਲਈ ਮਿਤੀ 03-09-2022 ਤੱਕ ਇਸ ਦਫਤਰ ਦੀ ਈ-ਮੇਲ ਆਈ.ਡੀ scertexamination@punjabeducation.gov.in ਤੇ ਦਫਤਰ, ਜਿਲ੍ਹਾ ਸਿਖਿਆ ਅਫਸਰ ਰਾਹੀਂ ਹੀ ਭੇਜੀਆਂ ਜਾਣ ਤਾਂ ਜੋ ਵਜੀਫੇ ਦੀ ਰਾਸ਼ੀ ਦਾ ਬੱਜਟ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਸਮੇਂ ਸਿਰ ਭੇਜਿਆ ਜਾ ਸਕੇ। ਦੇਰੀ ਦੀ ਸੂਰਤ ਵਿੱਚ ਨਿਰੋਲ ਜਿਮ੍ਹੇਵਾਰੀ ਆਪ ਦੀ ਹੋਵੇਗੀ।

23/8/2022

ਸਹਾਇਕ ਡਾਇਰੈਕਟਰ(ਪੀਖਿਆ)